DHCS
CALIFORNIA DEPARTMENT OF
**HEALTH CARE SERVICES**

**Medi-Cal**

# California Children's Services (CCS) ਪ੍ਰੋਗਰਾਮ ਬਾਰੇ ਤੁਹਾਡੇ ਹੱਕਾਂ ਅਤੇ ਫਾਇਦਿਆਂ ਬਾਰੇ ਵਾਧੂ ਜਾਣਕਾਰੀ ਦਾ ਨੋਟਿਸ (NOAI)

## 1. ਪ੍ਰੋਗਰਾਮ ਕਿਵੇਂ ਬਦਲੇਗਾ?

California ਵਿੱਚ ਨਵਾਂ ਕਨੂੰਨ ਤੁਹਾਡੇ ਬੱਚੇ ਨੂੰ ਮਿਲਣ ਵਾਲੀਆਂ California Children's Services (CCS) ਪ੍ਰੋਗਰਾਮ ਸੇਵਾਵਾਂ ਦੇ ਤਰੀਕੇ ਨੂੰ ਬਦਲ ਦੇਵੇਗਾ। **1 ਜਨਵਰੀ, 2025** ਤੋਂ ਸ਼ੁਰੂ ਕਰਦੇ ਹੋਏ, Medi-Cal, WCM ਪ੍ਰੋਗਰਾਮ ਦਾ ਵਿਸਤਾਰ California ਦੇ 12 ਹੋਰ ਦੇਸ਼ਾਂ ਵਿੱਚ ਕਰੇਗਾ। ਉਹਨਾਂ 12 ਦੇਸ਼ਾਂ ਵਿੱਚ, Medi-Cal ਸਿਹਤ ਪਲਾਨ ਉਹਨਾਂ ਬੱਚਿਆਂ ਲਈ ਦੇਖਭਾਲ ਕੋਆਰਡੀਨੇਸ਼ਨ, ਕੇਸ ਪ੍ਰਬੰਧਨ ਅਤੇ ਦੂਜੀਆਂ California Children's Services (CCS) ਦੀ ਨਿਗਰਾਨੀ ਕਰੇਗਾ, ਜੋ CCS ਲਈ ਯੋਗ ਹਨ। ਤੁਹਾਡਾ ਬੱਚਾ ਹੁਣ ਆਪਣੀ ਕਾਊਂਟੀ ਵਿੱਚ ਉਸਦੇ ਡਾਕਟਰੀ ਸਿਹਤ ਪਲਾਨ ਰਾਹੀਂ CCS ਪ੍ਰਾਪਤ ਕਰੇਗਾ। ਇਸਨੂੰ Whole Child Model (WCM) ਪ੍ਰੋਗਰਾਮ ਕਿਹਾ ਜਾਂਦਾ ਹੈ।

ਨਵੇਂ ਕਨੂੰਨ ਤੋਂ ਪਹਿਲਾਂ, CCS-ਯੋਗ ਸਥਿਤੀ ਵਾਲੇ ਬੱਚੇ ਕਾਊਂਟੀ CCS ਪ੍ਰੋਗਰਾਮ **ਅਤੇ** ਉਹਨਾਂ ਕਾਊਂਟੀਜ਼ ਵਿਚਲੇ ਇੱਕ Medi-Cal ਸਿਹਤ ਪਲਾਨ, ਦੋਵਾਂ ਤੋਂ ਦੇਖਭਾਲ ਪ੍ਰਾਪਤ ਕਰਦੇ ਸਨ, ਜਿਹਨਾਂ ਦਾ WCM ਪ੍ਰੋਗਰਾਮ ਨਹੀਂ ਸੀ। ਹੁਣ WCM ਪ੍ਰੋਗਰਾਮ ਦੇ ਨਾਲ, Medi-Cal ਸਿਰਫ ਬੱਚੇ ਦੇ Medi-Cal ਸਿਹਤ ਪਲਾਨ ਰਾਹੀਂ ਸਾਰੀਆਂ ਸੇਵਾਵਾਂ ਕੋਆਰਡੀਨੇਟ ਕਰੇਗਾ।

ਹੁਣ ਇਹਨਾਂ 33 ਕਾਊਂਟੀਜ਼ ਵਿੱਚ WCM ਪ੍ਰੋਗਰਾਮ ਹੋਵੇਗਾ: Butte, Colusa, Del Norte, Glenn, Humboldt, Lake, Lassen, Marin, Mariposa, Mendocino, Merced, Modoc, Monterey, Napa, Nevada, Orange, Placer, Plumas, San Benito, San Luis Obispo, San Mateo, Santa Barbara, Santa Cruz, Shasta, Sierra, Siskiyou, Solano, Sonoma, Sutter, Tehama, Trinity, Yolo, ਅਤੇ Yuba.

## 2. WCM ਪ੍ਰੋਗਰਾਮ ਕੀ ਹੈ?

WCM ਪ੍ਰੋਗਰਾਮ Medi-Cal-ਯੋਗ CCS ਬੱਚਿਆਂ ਅਤੇ ਉਹਨਾਂ ਦੇ ਪਰਿਵਾਰਾਂ ਦੀ ਬਿਹਤਰ ਦੇਖਭਾਲ ਕੋਆਰਡੀਨੇਟ, ਦੇਖਭਾਲ ਤੱਕ ਪਹੁੰਚ ਅਤੇ ਸਿਹਤ ਸਬੰਧੀ ਨਤੀਜਿਆਂ ਵਿੱਚ ਮਦਦ ਕਰਦਾ ਹੈ।

## 3. Medi-Cal ਸਿਹਤ ਪਲਾਨ WCM ਪ੍ਰੋਗਰਾਮ ਦੇ ਨਾਲ ਕਿਵੇਂ ਕੰਮ ਕਰੇਗਾ?

WCM ਕਾਊਂਟੀਜ਼ ਵਿੱਚ, Medi-Cal ਸਿਹਤ ਪਲਾਨ CCS-ਯੋਗ ਸਥਿਤੀਆਂ ਵਾਲੇ ਮੈਂਬਰਾਂ ਲਈ ਕੋਆਰਡੀਨੇਟ ਕਰਦੇ ਹਨ ਅਤੇ ਦੇਖਭਾਲ ਮਨਜ਼ੂਰ ਕਰਦੇ ਹਨ। ਉਹ ਡਾਕਟਰ ਅਤੇ ਮਾਹਰ, ਜੋ Medi-Cal ਸਿਹਤ ਪਲਾਨ ਦੀ ਟੀਮ ਦਾ ਹਿੱਸਾ ਹਨ, CCS ਸੇਵਾਵਾਂ ਮੁਹੱਈਆ ਕਰਦੇ ਹਨ। ਇਹ ਡਾਕਟਰ ਅਤੇ ਮਾਹਰ CCS ਪ੍ਰੋਗਰਾਮ ਦੇ ਪੈਨਲ ਵਾਲੇ ਪ੍ਰਦਾਤਾ ਹਨ, ਜੋ CCS ਮੈਂਬਰਾਂ ਦੇ ਨਾਲ ਕੰਮ ਕਰਨ ਯੋਗ ਹਨ। ਜੇਕਰ ਮੈਂਬਰਾਂ ਨੂੰ ਉਸ ਦੇਖਭਾਲ ਦੀ ਲੋੜ ਹੈ, ਜੋ Medi-Cal ਸਿਹਤ ਪਲਾਨ ਦੇ ਨੈੱਟਵਰਕ ਵਿੱਚ ਨਹੀਂ ਹੈ, ਤਾਂ Medi-Cal ਸਿਹਤ ਪਲਾਨ CCS ਮੈਂਬਰਾਂ ਨੂੰ ਉਹਨਾਂ ਦੀ ਲੋੜੀਂਦੀ ਦੇਖਭਾਲ ਪ੍ਰਾਪਤ ਕਰਨ ਵਿੱਚ ਮਦਦ ਕਰੇਗਾ।

## 4. ਕੀ ਮੇਰਾ ਬੱਚਾ ਓਹੀ CCS ਪ੍ਰਦਾਤਾ ਰੱਖ ਸਕਦਾ ਹੈ?

ਤੁਹਾਡਾ ਬੱਚਾ ਆਪਣੇ CCS ਪ੍ਰਦਾਤਾ ਨੂੰ ਰੱਖਣ ਦੇ ਯੋਗ ਹੋਵੇਗਾ, ਭਾਵੇਂ ਪ੍ਰਦਾਤਾ Medi-Cal ਸਿਹਤ ਪਲਾਨ ਦੇ ਨੈੱਟਵਰਕ ਤੋਂ ਬਾਹਰ ਦਾ ਹੋਵੇ। ਆਪਣੇ ਬੱਚੇ ਦੇ CCS ਪ੍ਰਦਾਤਾ ਨੂੰ ਪੁੱਛੋ ਕਿ ਕੀ ਉਹ ਤੁਹਾਡੇ ਬੱਚੇ ਦੇ Medi-Cal ਸਿਹਤ ਪਲਾਨ ਨਾਲ ਕੰਮ ਕਰਦਾ ਹੈ। ਜੇਕਰ CCS ਪੈਨਲ ਵਾਲਾ ਪ੍ਰਦਾਤਾ ਕਰਦਾ ਹੈ, ਤਾਂ ਤੁਹਾਡਾ ਬੱਚਾ ਓਹੀ ਪ੍ਰਦਾਤਾ ਰੱਖ ਸਕਦਾ ਹੈ। ਜੇਕਰ ਨਹੀਂ, ਤਾਂ ਤੁਹਾਡਾ ਬੱਚਾ ਤਦ ਵੀ 12 ਮਹੀਨਿਆਂ ਜਾਂ ਇਸਤੋਂ ਵੱਧ ਸਮੇਂ ਤੱਕ ਓਹੀ CCS ਪ੍ਰਦਾਤਾ ਰੱਖਣ ਦੇ ਯੋਗ ਹੋ ਸਕਦਾ ਹੈ। ਇਸ ਪ੍ਰਕਿਰਿਆ ਨੂੰ "ਦੇਖਭਾਲ ਦੀ ਨਿਰੰਤਰਤਾ" (continuity of care) ਕਿਹਾ ਜਾਂਦਾ ਹੈ। ਤੁਸੀਂ ਆਪਣੇ ਬੱਚੇ



MU_0005221_PUN1_0624

ਦੇ Medi-Cal ਸਿਹਤ ਪਲਾਨ ਤੋਂ ਵਧੇਰੇ ਜਾਣਕਾਰੀ ਮੰਗ ਸਕਦੇ ਹੋ। ਤੁਹਾਡਾ ਬੱਚਾ CCS ਪ੍ਰਦਾਤਾ ਰੱਖ ਸਕਦਾ ਹੈ, ਭਾਵੇਂ ਪ੍ਰਦਾਤਾ ਨੈੱਟਵਰਕ ਤੋਂ ਬਾਹਰ (OON) ਦਾ ਹੋਵੇ। ਤੁਸੀਂ ਆਪਣੇ ਬੱਚੇ ਦੇ Medi-Cal ਸਿਹਤ ਪਲਾਨ ਨੂੰ ਫੋਨ ਕਰਕੇ ਉਦੋਂ ਤੱਕ ਆਪਣੇ ਬੱਚੇ ਦਾ ਓਹੀ CCS ਪ੍ਰਦਾਤਾ ਰੱਖਣ ਲਈ ਕਹਿ ਸਕਦੇ ਹੋ, ਜਦੋਂ ਤੱਕ CCS ਪ੍ਰਦਾਤਾ ਅਤੇ ਤੁਹਾਡੇ ਬੱਚੇ ਦਾ Medi-Cal ਸਿਹਤ ਪਲਾਨ ਇਕੱਠੇ ਕੰਮ ਕਰ ਸਕਣ।

**5. ਕੀ ਮੇਰਾ ਬੱਚਾ ਓਹੀ CCS ਕੇਸ ਮੈਨੇਜਰ ਰੱਖ ਸਕਦਾ ਹੈ?**

ਤੁਸੀਂ ਆਪਣੇ ਬੱਚੇ ਦਾ CCS ਕੇਸ ਮੈਨੇਜਰ ਜਾਂ ਪਬਲਿਕ ਹੈਲਥ ਨਰਸ ਰੱਖਣ ਲਈ "ਦੇਖਭਾਲ ਦੀ ਨਿਰੰਤਰਤਾ" ਦੀ ਮੰਗ ਕਰ ਸਕਦੇ ਹੋ। ਜੇਕਰ Medi-Cal ਸਿਹਤ ਪਲਾਨ ਅਤੇ ਕਾਊਂਟੀ ਦਾ ਸਮਝੌਤਾ ਨਹੀਂ ਹੁੰਦਾ ਹੈ, ਤਾਂ ਤੁਹਾਡੇ ਬੱਚੇ ਨੂੰ ਉਸਦੇ Medi-Cal ਸਿਹਤ ਪਲਾਨ ਰਾਹੀਂ ਇੱਕ ਕੇਸ ਮੈਨੇਜਰ ਅਸਾਈਨ ਕੀਤਾ ਜਾਵੇਗਾ।

**6. ਕੀ ਮੇਰਾ ਬੱਚਾ WCM ਪ੍ਰੋਗਰਾਮ ਵਿੱਚ ਓਹੀ CCS ਫਾਇਦੇ ਰੱਖੇਗਾ?**

ਹਾਂ। ਤੁਹਾਡੇ ਬੱਚੇ ਕੋਲ WCM ਪ੍ਰੋਗਰਾਮ ਵਿੱਚ ਓਹੀ CCS ਫਾਇਦੇ ਮਿਲਣਗੇ। ਤੁਹਾਡਾ ਬੱਚਾ CCS ਸੇਵਾਵਾਂ ਪ੍ਰਾਪਤ ਕਰਦਾ ਰਹੇਗਾ, ਜੋ ਡਾਕਟਰੀ ਤੌਰ ਤੇ ਜ਼ਰੂਰੀ ਹਨ ਅਤੇ ਤੁਹਾਡੇ ਬੱਚੇ ਦੇ ਪ੍ਰਦਾਤਾ ਵੱਲੋਂ ਉਹਨਾਂ ਦੀ ਤਜਵੀਜ਼ (ਪ੍ਰਿਸਕ੍ਰਾਈਬ) ਕੀਤੀ ਗਈ ਹੈ।

**7. ਮੈਨੂੰ ਕਿਵੇਂ ਪਤਾ ਲੱਗੇਗਾ ਕਿ ਮੇਰਾ ਬੱਚਾ WCM ਪ੍ਰੋਗਰਾਮ ਵਿੱਚ ਹੋਵੇਗਾ?**

ਤੁਹਾਡਾ ਬੱਚਾ ਤਦ WCM ਪ੍ਰੋਗਰਾਮ ਵਿੱਚ ਹੋਵੇਗਾ, ਜੇਕਰ ਤੁਹਾਡਾ ਬੱਚਾ ਸਵਾਲ #1 ਵਿੱਚ ਸੂਚੀਬੱਧ 33 ਕਾਊਂਟੀਜ਼ ਵਿੱਚੋਂ ਇੱਕ ਵਿੱਚ ਸਥਿਤ Medi-Cal ਸਿਹਤ ਪਲਾਨ ਵਿੱਚ ਨਾਮਾਂਕਿਤ ਹੈ ਅਤੇ CCS ਸੇਵਾਵਾਂ ਲਈ ਯੋਗ ਹੈ।

**8. ਕੀ WCM ਪ੍ਰੋਗਰਾਮ CCS ਦੇਖਭਾਲ ਪ੍ਰਾਪਤ ਕਰਨ ਦੀ ਪ੍ਰਕਿਰਿਆ ਨੂੰ ਬਦਲ ਦੇਵੇਗਾ?**

WCM ਪ੍ਰੋਗਰਾਮ ਤੁਹਾਡੇ ਬੱਚੇ ਦੀਆਂ ਸਾਰੀਆਂ ਦੇਖਭਾਲ ਗਤੀਵਿਧੀਆਂ ਦੇ ਨਾਲ ਕੋਆਰਡੀਨੇਟ ਕਰਦਾ ਹੈ ਅਤੇ ਤੁਹਾਡੇ ਬੱਚੇ ਦੇ ਪ੍ਰਦਾਤਾਵਾਂ ਨਾਲ ਜਾਣਕਾਰੀ ਸਾਂਝੀ ਕਰਦਾ ਹੈ। ਇਹ ਯਕੀਨੀ ਬਣਾਉਂਦਾ ਹੈ ਕਿ ਤੁਹਾਡਾ ਬੱਚਾ, ਤੁਹਾਡੇ ਬੱਚੇ ਦੇ Medi-Cal ਸਿਹਤ ਪਲਾਨ ਤੋਂ ਆਪਣੀ ਸਾਰੀ ਦੇਖਭਾਲ ਪ੍ਰਾਪਤ ਕਰਦਾ ਹੈ, CCS ਸੇਵਾਵਾਂ ਅਤੇ ਸਪਲਾਈਆਂ ਸਮੇਤ। WCM ਪ੍ਰੋਗਰਾਮ ਤੁਹਾਡੇ ਬੱਚੇ ਨੂੰ ਉਸਦੀ CCS-ਯੋਗ ਸਥਿਤੀ ਦੇ ਅਧਾਰ 'ਤੇ ਖਾਸ ਦੇਖਭਾਲ ਤੱਕ ਪਹੁੰਚ ਦੇਵੇਗਾ। WCM ਤੁਹਾਡੇ ਬੱਚੇ ਦੇ ਓਹੀ CCS ਪ੍ਰਦਾਤਾਵਾਂ ਨੂੰ ਰੱਖਣ ਦੀ ਕੋਸ਼ਿਸ਼ ਕਰੇਗਾ।

**9. ਮੈਂ ਕਿੱਥੋਂ ਵਧੇਰੇ ਜਾਣਕਾਰੀ ਜਾਂ ਮਦਦ ਪ੍ਰਾਪਤ ਕਰ ਸਕਦਾ/ਸਕਦੀ ਹਾਂ?**

- ਜੇਕਰ ਆਪਣੇ ਬੱਚੇ ਦੇ CCS ਸੇਵਾਵਾਂ ਅਤੇ WCM ਪ੍ਰੋਗਰਾਮ ਬਾਰੇ ਤੁਹਾਡੇ ਕੋਈ ਸਵਾਲ ਹਨ, ਤਾਂ ਆਪਣੇ ਬੱਚੇ ਦੇ Medi-Cal ਸਿਹਤ ਪਲਾਨ ਨੂੰ ਕਾਲ ਕਰੋ। ਫੋਨ ਨੰਬਰ ਤੁਹਾਡੇ ਬੱਚੇ ਦੇ Medi-Cal ਸਿਹਤ ਪਲਾਨ ਕਾਰਡ ਦੇ ਪਿਛਲੇ ਪਾਸੇ 'ਤੇ ਹੈ। ਕਾਲ ਮੁਫਤ ਹੈ।

- ਤੁਸੀਂ ਸਵਾਲ ਪੁੱਛਣ ਲਈ ਆਪਣੇ ਬੱਚੇ ਦੇ ਕਾਊਂਟੀ CCS ਦਫਤਰ ਨੂੰ ਵੀ ਕਾਲ ਕਰ ਸਕਦੇ ਹੋ। ਕਾਊਂਟੀ ਦਾ ਫੋਨ ਨੰਬਰ ਪ੍ਰਾਪਤ ਕਰਨ ਲਈ, **www.dhcs.ca.gov/services/ccs/Pages/CountyOffices.aspx** 'ਤੇ ਜਾਓ।

- ਸਿਹਤ ਪਲਾਨਾਂ ਅਤੇ ਪ੍ਰਦਾਤਾਵਾਂ (ਡਾਕਟਰਾਂ ਜਾਂ ਕਲੀਨਿਕਾਂ) ਲਈ ਵਿਕਲਪਾਂ ਬਾਰੇ ਵਧੇਰੇ ਜਾਣਕਾਰੀ ਲਈ, Medi-Cal Health Care Options (HCO) ਨੂੰ ਸੋਮਵਾਰ – ਸ਼ੁੱਕਰਵਾਰ, ਸਵੇਰੇ 8 ਵਜੇ ਤੋਂ ਸ਼ਾਮ 6 ਵਜੇ ਤੱਕ **1-833-387-7723** (TTY: 1-800-430-7077) 'ਤੇ ਫੋਨ ਕਰੋ। ਕਾਲ ਮੁਫਤ ਹੈ। ਜਾਂ **www.healthcareoptions.dhcs.ca.gov** 'ਤੇ ਜਾਓ।

- ਜੇਕਰ ਤੁਹਾਡੇ Medi-Cal ਬਾਰੇ ਸਵਾਲ ਹਨ, ਤਾਂ Department of Health Care Services (DHCS) Medi-Cal ਹੈਲਪਲਾਈਨ ਨੂੰ ਸੋਮਵਾਰ – ਸ਼ੁੱਕਰਵਾਰ, ਸਵੇਰੇ 8 ਵਜੇ ਤੋਂ ਸ਼ਾਮ 5 ਵਜੇ ਤੱਕ **1-800-541-5555** 'ਤੇ ਫੋਨ ਕਰੋ। ਕਾਲ ਮੁਫਤ ਹੈ।

- ਜੇਕਰ ਤੁਹਾਨੂੰ Medi-Cal ਤੋਂ ਸ਼ਿਕਾਇਤਾਂ ਜਾਂ ਸਮੱਸਿਆਵਾਂ ਹਨ, ਤਾਂ Medi-Cal Ombudsman ਦਫਤਰ ਨੂੰ ਸੋਮਵਾਰ – ਸ਼ੁੱਕਰਵਾਰ, ਸਵੇਰੇ 8 ਵਜੇ ਤੋਂ ਸ਼ਾਮ 5 ਵਜੇ ਤੱਕ **1-888-452-8609** (TTY: California State Relay ਲਈ 711) 'ਤੇ ਫੋਨ ਕਰੋ। ਕਾਲ ਮੁਫਤ ਹੈ। ਜਾਂ **MMCDOmbudsmanOffice@dhcs.ca.gov** ਤੇ ਈਮੇਲ ਕਰੋ। ਉਹ Medi-Cal ਵਾਲੇ ਲੋਕਾਂ ਦੀ ਉਹਨਾਂ ਦੇ ਫਾਇਦਿਆਂ ਦੀ ਵਰਤੋਂ ਕਰਨ ਅਤੇ ਉਹਨਾਂ ਦੇ ਹੱਕਾਂ ਅਤੇ ਜ਼ਿੰਮੇਵਾਰੀਆਂ ਬਾਰੇ ਜਾਣਨ ਵਿੱਚ ਮਦਦ ਕਰਦੇ ਹਨ।